ਸਾਡੀ ਗਿਣਤੀ ਕਰੋ 2020

ਗਿਣੇ ਜਾਣ ਵਿਚ ਸ਼ਕਤੀ ਹੈ

ASIAN AMERICANS ADVANCING JUSTICE

COUNTUSIN2020.ORG

# ਜਨਗਿਣਤੀ ਲੋਕਾਂ ਤਕ ਪਹੁੰਚ 101 (Census Outreach 101) ਅਤੇ ਭਾਈਚਾਰਾ-ਅਧਾਰਿਤ ਸੰਗਠਨ ਕੀ ਕਰ ਸਕਦੇ ਹਨ

***ਸਵਾਲ? ਅੰਗ੍ਰੇਜ਼ੀ ਅਤੇ ਹੋਰ ਭਾਸ਼ਾਵਾਂ ਵਿੱਚ ਸਹਾਇਤਾ ਲਈ ਸਾਡੀ ਮਰਦਮਸ਼ੁਮਾਰੀ ਦੀ ਹਾਟਲਾਈਨ ਨੂੰ 844-2020-API ਤੇ ਕਾਲ ਕਰੋ। ਵਧੇਰੇ ਜਾਣਕਾਰੀ ਲਈ www.CountUsIn2020.org/hotline ਤੇ ਜਾਓ।***

ਏਸ਼ੀਆਈ ਅਮਰੀਕੀ, ਮੂਲ ਹਵਾਈਅਨ ਅਤੇ ਪੈਸਿਫਿਕ ਆਈਲੈਂਡਰਸ ਭਾਈਚਾਰਿਆਂ ਦੀ ਪੂਰੀ ਤਰ੍ਹਾਂ ਅਤੇ ਠੀਕ-ਠੀਕ ਗਿਣਤੀ ਕਰਨਾ, ਸਫਲ ਜਨਗਿਣਤੀ ਲਈ ਬੇਹੱਦ ਜ਼ਰੂਰੀ ਹੈ। ਤੁਸੀਂ ਇਹ ਯਕੀਨੀ ਬਣਾਉਣ ਵਿੱਚ ਮਦਦ ਕਰ ਸਕਦੇ ਹੋ ਕਿ 2020 ਦੀ ਜਨਗਿਣਤੀ ਵਿੱਚ ਤੁਹਾਡੇ ਭਾਈਚਾਰੇ ਦੀ ਗਿਣਤੀ ਹੋਈ ਹੈ। ਹੇਠਾਂ ਕੁਝ ਕਾਰਜਕਰਮ ਅਤੇ ਗਤੀਵਿਧੀਆਂ ਦਿੱਤੀਆਂ ਗਈਆਂ ਹਨ, ਜੋ ਭਾਈਚਾਰਾ-ਅਧਾਰਿਤ ਸੰਗਠਨ ਜਨਗਿਣਤੀ ਦਾ ਪ੍ਰਚਾਰ ਕਰਨ ਵਿੱਚ ਮਦਦ ਕਰ ਸਕਦੇ ਹਨ।

## *ਗਰਮੀਆ 2019 - ਜਨਗਿਣਤੀ ਦਿਵਸ (Census Day)*
## *ਯੋਜਨਾਬੰਦੀ ਅਤੇ ਤਾਲਮੇਲ*

### ✓ ਜਨਗਿਣਤੀ ਵਿਭਾਗ ਸਾਂਝੀਵਾਲ (Census Bureau Partner) ਬਣੋ

ਸਾਨੂੰ ਅਜਿਹੇ ਏਸ਼ੀਆਈ ਅਮਰੀਕੀ, ਮੂਲ ਹਵਾਈਅਨ ਅਤੇ ਪੈਸਿਫਿਕ ਆਈਲੈਂਡਰਸ ਭਾਈਚਾਰਾ-ਅਧਾਰਿਤ ਸੰਗਠਨਾਂ ਦੀ ਲੋੜ ਹੈ, ਜਿਹਨਾਂ ਨੂੰ ਸਾਡੇ ਭਾਈਚਾਰਿਆਂ ਬਾਰੇ ਪਤਾ ਹੈ ਅਤੇ ਇਹ ਜਾਣਦੇ ਹਨ ਕਿ ਜਨਗਿਣਤੀ ਵਿਭਾਗ ਸਾਂਝੀਵਾਲ ਬਣਨ ਵਾਸਤੇ ਸੇਵਾਦਾਰ ਬਣਨ ਲਈ ਉਹਨਾਂ ਤੱਕ ਪਹੁੰਚਣ ਦਾ ਬਿਹਤਰ ਤਰੀਕਾ ਕੀ ਹੈ। ਜਨਗਿਣਤੀ ਵਿਭਾਗ ਸਾਂਝੀਵਾਲ ਅਜਿਹੇ ਜਨਗਿਣਤੀ ਦੂਤ ਹਨ, ਜੋ ਜਨਗਿਣਤੀ ਵਿੱਚ ਭਾਗ ਲੈਣ ਦੇ ਮਹੱਤਵ ਬਾਰੇ ਜਾਗਰੂਕਤਾ ਫੈਲਾਉਣ ਵਿੱਚ ਮਦਦ ਕਰਦੇ ਹਨ। ਜਨਗਿਣਤੀ ਵਿਭਾਗ ਸਾਂਝੀਵਾਲ ਇਹਨਾਂ ਕਈ ਤਰੀਕਿਆਂ ਵਿੱਚ ਸ਼ਾਮਲ ਹੋ ਸਕਦੇ ਹਨ - ਜਨਗਿਣਤੀ ਵਿਭਾਗ ਨਾਲ ਜਾਣਕਾਰੀ ਅਤੇ ਸੁਨੇਹੇ ਸਾਂਝੇ ਕਰਕੇ, ਵਰਕਸ਼ਾਪ ਦਾ ਆਯੋਜਨ ਕਰਕੇ, ਭਾਈਚਾਰਕ ਸਦੱਸਾਂ ਨੂੰ ਵਿਭਾਗ ਕੋਲ ਨੌਕਰੀਆਂ ਵਾਸਤੇ ਅਰਜ਼ੀ ਦੇਣ ਲਈ ਉਤਸ਼ਾਹਿਤ ਕਰਕੇ। ਮਰਦਮਸ਼ੁਮਾਰੀ ਬਿਯੂਰੋ ਦਾ ਸਹਿਯੋਗੀ ਬਣਨ ਲਈ ਜਾਂ ਆਪਣੀ ਸੰਸਥਾ ਬਾਰੇ ਸਾਈਨ-ਅਪ ਕਰਨ ਅਤੇ ਜਾਣਕਾਰੀ ਸਾਂਝਾ ਕਰਨ ਲਈ www.census.gov/partners/join.html ਤੇ ਜਾਓ। ਤੁਸੀਂ 2020 ਦੀ ਜਨਗਣਨਾ ਭਾਈਵਾਲ ਪ੍ਰੋਗਰਾਮਾਂ ਨੂੰ census.partners@census.gov ਤੇ ਵੀ ਸੰਪਰਕ ਕਰ ਸਕਦੇ ਹੋ ਜਾਂ ਫਿਰ (Atlanta.rcc.partnership@2020census.gov, Chicago.rcc.partnership@2020census.gov, Dallas.rcc.partnership@2020census.gov, Los.Angeles.rcc.partnership@2020census.gov, New.York.rcc.partnership@2020census.gov, Philadelphia.rcc.partnership@2020census.gov) ਤੇ ਸੰਪਰਕ ਕਰੋ।

*ਸਮਾਂ ਅਤੇ ਵਸੀਲਾ ਵਚਨਬੱਧਤਾਵਾਂ: ਛੋਟੀਆਂ ਤੋਂ ਦਰਮਿਆਨੀਆਂ। ਤੁਸੀਂ ਸੁਧਾਰ ਸੂਚੀ ਪ੍ਰਾਪਤ ਕਰਕੇ ਉਹਨਾਂ ਨੂੰ ਆਪਣੇ ਭਾਈਚਾਰੇ ਨਾਲ ਸਾਂਝਾ ਕਰ ਸਕਦੇ ਹੋ!*

## ਇੱਕ ਸੰਪੂਰਨ ਗਿਣਤੀ ਕਮੇਟੀ (Complete Count Committee) ਨਾਲ ਜੁੜੋ ਜਾਂ ਸਥਾਪਤ ਕਰੋ

ਸੰਪੂਰਨ ਗਿਣਤੀ ਕਮੇਟੀ ਪ੍ਰੋਗਰਾਮ, ਪਹੁੰਚ ਮੁਹਿੰਮਾਂ ਨਾਲ ਤਾਲਮੇਲ ਕਰਨ ਵਿੱਚ ਲੀਡਰਾਂ ਦੀ ਮਦਦ ਕਰਦਾ ਹੈ ਅਤੇ ਇਹ ਜਨਗਿਣਤੀ ਬਾਰੇ ਜਾਗਰੂਕਤਾ ਫੈਲਾਉਣ ਲਈ ਮਹੱਤਵਪੂਰਨ ਹੈ।ਸੰਪੂਰਨ ਗਿਣਤੀ ਕਮੇਟੀ (ਸੀ.ਸੀ.ਸੀ.) ਨੂੰ ਅਕਸਰ ਸ਼ਹਿਰ ਜਾਂ ਕਾਉਂਟੀ ਪੱਧਰ 'ਤੇ ਸਥਾਨਕ ਸਰਕਾਰ ਦੇ ਅਫ਼ਸਰਾਂ ਵੱਲੋਂ ਚਲਾਇਆ ਜਾਂਦਾ ਹੈ ਅਤੇ ਇਹਨਾਂ ਵਿੱਚ ਚਰਚਾਂ ਜਾਂ ਹੋਰ ਧਾਰਮਿਕ ਗਰੁੱਪਾਂ ਜਿਹੇ ਬਹੁਤ ਸਾਰੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਭਾਗਾਂ ਦੇ ਪ੍ਰਤੀਨਿਧੀ, ਸੇਵਾ-ਪ੍ਰਦਾਤਾ, ਨਾਗਰਿਕ ਹੱਕਾਂ ਸਬੰਧੀ ਸੰਗਠਨ, ਸਥਾਨਕ ਕਾਰੋਬਾਰੀ, ਯੂਨੀਅਨਾਂ ਅਤੇ ਸਥਾਨਕ ਮੀਡੀਆ ਸ਼ਾਮਲ ਹੁੰਦਾ ਹੈ। ਇਹ ਪੁੱਛਣ ਲਈ ਕਿ ਕੀ ਕਿਸੇ ਸੀ.ਸੀ.ਸੀ. ਦੀ ਸਥਾਪਨਾ ਕੀਤੀ ਗਈ ਹੈ ਅਤੇ ਇਹ ਜਾਣਨ ਲਈ ਕਿ ਇਸ ਵਿੱਚ ਕਿਵੇਂ ਸ਼ਾਮਲ ਹੋਣਾ ਹੈ, ਆਪਣੇ ਸਥਾਨਕ ਨਿਉਕਤ ਅਫ਼ਸਰਾਂ ਨੂੰ ਸੰਪਰਕ ਕਰੋ। ਜੇਕਰ ਤੁਹਾਡੀ ਸਥਾਨਕ ਸਰਕਾਰ ਨੇ ਸੀ.ਸੀ.ਸੀ. ਨਹੀਂ ਬਣਾਈ ਹੈ, ਤਾਂ ਆਪਣੇ ਨਿਉਕਤ ਅਫ਼ਸਰ ਦੇ ਦਫ਼ਤਰ ਵਿੱਚ ਫੋਨ ਕਰੋ ਜਾਂ ਇਸ ਬਾਰੇ ਵਿਚਾਰ ਸਾਂਝੇ ਕਰਨ ਲਈ ਇੱਕ ਮੀਟਿੰਗ ਤੈਅ ਕਰੋ ਕਿ ਜਨਗਿਣਤੀ ਤੁਹਾਡੇ ਭਾਈਚਾਰਿਆਂ 'ਤੇ ਕਿਉਂ ਅਸਰ ਪਾਉਂਦੀ ਹੈ ਅਤੇ ਉਹਨਾਂ ਦਾ ਸਹਿਯੋਗ ਕਿਉਂ ਮਹੱਤਵਪੂਰਨ ਹੈ।

*ਸਮਾਂ ਅਤੇ ਵਸੀਲਾ ਵਚਨਬੱਧਤਾਵਾਂ: ਛੋਟੀਆਂ ਤੋਂ ਵੱਡੀਆਂ। ਜੇਕਰ ਪਹਿਲਾਂ ਤੋਂ ਸੀ.ਸੀ.ਸੀ. ਮੌਜੂਦ ਹੈ, ਤਾਂ ਤੁਸੀਂ ਜਾਣਕਾਰੀ ਇਕੱਤਰ ਕਰਨ ਲਈ ਮੀਟਿੰਗਾਂ ਵਿੱਚ ਸ਼ਾਮਲ ਹੋ ਸਕਦੇ ਹੋ ਅਤੇ ਹੋਰ ਲੋਕਾਂ ਨਾਲ ਤਾਲਮੇਲ ਕਰ ਸਕਦੇ ਹੋ। ਜੇਕਰ ਤੁਸੀਂ ਕੋਈ ਵੱਡੀ ਲੀਡਰਸ਼ਿਪ ਭੂਮਿਕਾ ਨਿਭਾਉਣਾ ਚਾਹੁੰਦੇ ਹੋ, ਤਾਂ ਤੁਸੀਂ ਸੀ.ਸੀ.ਸੀ. ਨੂੰ ਸੰਗਠਿਤ ਕਰਨ ਵਿੱਚ ਮਦਦ ਕਰ ਸਕਦੇ ਹੋ।*

### *ਗਰਮੀਆਂ 2019 - ਪਤਝੜ 2019*

### *"ਗਿਣਤੀ ਕਰਵਾਉਣ" ("GET-OUT-THE-COUNT") ਲਈ ਤਿਆਰ ਰਹੋ*

## ਪਹੁੰਚ ਸਮੱਗਰੀਆਂ ਤਿਆਰ ਕਰਕੇ ਵੰਡੋ

ਜਦੋਂ ਤੁਸੀਂ ਆਪਣੇ ਭਾਈਚਾਰੇ ਨਾਲ ਸਾਂਝ ਪਾਉਣੀ ਸ਼ੁਰੂ ਕਰੋ, ਤਾਂ ਅਜਿਹੀਆਂ ਪਹੁੰਚ ਸਮੱਗਰੀਆਂ ਤਿਆਰ ਕਰਨਾ ਮਹੱਤਵਪੂਰਨ ਹੈ, ਜੋ ਤੁਹਾਡੇ ਟੀਚਾ ਦਰਸ਼ਕਾਂ ਨੂੰ ਸਮਝ ਵਿੱਚ ਆਉਣ ਅਤੇ ਲੋਕਾਂ ਨੂੰ ਸਹਾਇਤਾ ਅਤੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰਨ।

- ਅਜਿਹੇ ਸੁਨੇਹਿਆਂ ਦੀ ਪਛਾਣ ਕਰੋ, ਜੋ ਤੁਹਾਡੇ ਭਾਈਚਾਰੇ ਨੂੰ ਸਮਝ ਵਿੱਚ ਆਉਂਦੇ ਹੋਣ।
- ਪਹੁੰਚ ਸਮੱਗਰੀਆਂ ਵਿੱਚ ਸ਼ਾਮਲ ਹੋ ਸਕਦੀਆਂ ਹਨ: ਪੋਸਟਕਾਰਡ, ਪਰਚੇ, ਸੋਸ਼ਲ ਮੀਡੀਆ ਇਸ਼ਤਿਹਾਰ, ਸੁੰਨੇਹੇ, ਤੇ ਅਖਬਾਰਾਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ, ਜਨਗਿਣਤੀ ਬਾਰੇ ਸਵਾਲਾਂ ਅਤੇ ਚਿੰਤਾਵਾਂ 'ਤੇ ਧਿਆਨ ਦੇਣ ਵਾਲੇ ਤੱਥ ਪੱਤਰ ਆਦਿ!
- ਜਿੱਥੇ ਵੀ ਸੰਭਵ ਹੋਵੇ, ਇਹਨਾਂ ਸਮੱਗਰੀਆਂ ਦਾ ਸਬੰਧਿਤ ਭਾਸ਼ਾਵਾਂ ਵਿੱਚ ਅਨੁਵਾਦ ਕਰਵਾਓ ਅਤੇ ਇਹ ਯਕੀਨੀ ਬਣਾਉਣ ਲਈ ਭਾਈਚਾਰਕ ਸਦੱਸਾਂ ਤੋਂ ਅਨੁਵਾਦਾਂ ਦੀ ਪਰਖ ਕਰਵਾਓ ਕਿ ਉਹ ਸੱਭਿਆਚਾਰਕ ਤੌਰ 'ਤੇ ਢੁੱਕਵੇਂ ਹਨ। ਜਨਗਿਣਤੀ ਵਿਭਾਗ ਕੋਲ 59 ਗ਼ੈਰ-ਅੰਗਰੇਜ਼ੀ ਭਾਸ਼ਾਵਾਂ ਵਿੱਚ ਭਾਸ਼ਾ ਸ਼ਬਦਾਵਲੀਆਂ ਹਨ, ਜਿਹਨਾਂ ਵਿੱਚ ਅਨੁਵਾਦਾਂ ਵਿੱਚ ਅਨੁਕੂਲਤਾ ਲਿਆਉਣ ਲਈ ਜਨਗਿਣਤੀ ਸਬੰਧੀ ਆਮ ਤੌਰ 'ਤੇ ਵਰਤੇ ਜਾਣ ਵਾਲੇ ਸ਼ਬਦ ਸ਼ਾਮਲ ਹਨ।

  ਉਹ www.2020census.gov/en/languages.html ਤੇ ਉਪਲਬੱਧ ਹਨ।
- ਤੁਸੀਂ www.CountUsIn2020.org/resources'ਤੇ ਸਾਡੇ ਵੀਡੀਓ, ਬਲੌਗ, ਰਾਜ ਦੇ ਤੱਥ ਪੱਤਰ ਵੀ ਸਾਂਝਾ ਕਰ ਸਕਦੇ ਹੋ ਅਤੇ ਉਹਨਾਂ ਤੱਕ ਪਹੁੰਚ ਪ੍ਰਾਪਤ ਕਰ ਸਕਦੇ ਹੋ।
- ਤੁਸੀਂ ਮਰਦਮਸ਼ੁਮਾਰੀ ਬਿਯੂਰੋ ਤਕ ਪਹੁੰਚ ਸਮੱਗਰੀ www.2020census.gov/en/partners/outreach-materials.html ਉਤੇ ਪ੍ਰਾਪਤ ਕਰ ਸਕਦੇ ਹੋ।

*ਸਮਾਂ ਅਤੇ ਵਸੀਲਾ ਵਚਨਬੱਧਤਾਵਾਂ: ਛੋਟੀਆਂ ਤੋਂ ਦਰਮਿਆਨੀਆਂ। ਜੇਕਰ ਤੁਹਾਡੇ ਕੋਲ ਆਪਣੀਆਂ ਖੁਦ ਦੀਆਂ ਸਮੱਗਰੀਆਂ ਤਿਆਰ ਕਰਨ ਦਾ ਸਮਾਂ ਨਹੀਂ ਹੈ, ਤਾਂ ਤੁਸੀਂ www.CountUsIn2020.org/resources 'ਤੇ ਉਪਲਬਧ ਸਮੱਗਰੀਆਂ ਵੰਡ ਸਕਦੇ ਹੋ। ਜਾਂ ਤੁਸੀਂ ਆਪਣੀਆਂ ਖੁਦ ਦੀਆਂ ਦੀਆਂ ਸਮੱਗਰੀਆਂ ਤਿਆਰ ਕਰ ਸਕਦੇ ਹੋ!*

***ਪਤਝੜ 2019 - ਸਰਦੀਆ 2020***

## ***ਜਨਗਿਣਤੀ ਬਾਰੇ ਜਾਗਰੂਕਤਾ ਵਧਾਓ ਅਤੇ ਜਵਾਬ ਦੇਣ ਲਈ ਉਤਸ਼ਾਹਿਤ ਕਰੋ***

### ਪਹੁੰਚ ਸਮੱਗਰੀਆਂ ਵੰਡਣਾ ਸ਼ੁਰੂ ਕਰੋ

ਆਪਣੇ ਭਾਈਚਾਰੇ ਨੂੰ – ਛੋਟੇ ਇਸ਼ਤਿਹਾਰਾਂ ਤੋਂ ਲੈ ਕੇ ਸੂਚਨਾਤਮਕ ਤੱਥ ਪੱਤਰ ਤੱਕ – ਪਹੁੰਚ ਸਮੱਗਰੀਆਂ ਵੰਡੋ। ਤੁਸੀਂ ਮੌਜੂਦਾ ਪਹੁੰਚ ਕਾਰਜ ਵਿੱਚ ਜਨਗਿਣਤੀ ਬਾਰੇ ਜਾਣਕਾਰੀ ਸ਼ਾਮਲ ਕਰ ਸਕਦੇ ਹੋ ਜਾਂ ਜਨਗਿਣਤੀ ਲਈ ਵਿਸ਼ੇਸ ਕਾਰਜਕਰਮ ਅਤੇ ਮੁਹਿੰਮਾਂ ਆਯੋਜਿਤ ਕਰ ਸਕਦੇ ਹੋ। ਤੁਸੀਂ ਈਮੇਲ ਜਾਂ ਸੋਸ਼ਲ ਮੀਡੀਆ ਰਾਹੀਂ ਵੀ ਜਾਣਕਾਰੀ ਸਾਂਝੀ ਕਰ ਸਕਦੇ ਹੋ।

*ਸਮਾਂ ਅਤੇ ਵਸੀਲਾ ਵਚਨਬੱਧਤਾਵਾਂ: ਛੋਟੀਆਂ ਤੋਂ ਦਰਮਿਆਨੀਆਂ। ਤੁਸੀਂ ਆਪਣੇ ਮੌਜੂਦਾ ਪ੍ਰੋਗਰਾਮਾਂ ਦੁਆਰਾ ਸਮੱਗਰੀਆਂ ਵੰਡ ਸਕਦੇ ਹੋ ਜਾਂ ਹੋਰ ਭਾਈਚਾਰਕ ਕਾਰਜਕਰਮਾਂ ਵਿੱਚ ਸ਼ਾਮਲ ਹੋ ਕੇ ਅਤੇ ਸਥਾਨਕ ਕਾਰੋਬਾਰੀਆਂ ਕੋਲ ਇਸ਼ਤਿਹਾਰ ਵੰਡ ਕੇ ਵਾਧੂ ਸਮਾਂ ਬਿਤਾ ਸਕਦੇ ਹੋ।*

### ਕਨਵੈਸ ਨੇਬਰਹੁੱਡਜ਼

ਆਗਾਮੀ ਜਨਗਿਣਤੀ ਬਾਰੇ ਜਾਗਰੂਕਤਾ ਵਧਾਉਣ ਦਾ ਇੱਕ ਵਧੀਆ ਤਰੀਕਾ ਹੈ, ਖਾਸ ਗਵਾਂਢਾਂ ਵਿੱਚ ਪ੍ਰਚਾਰ ਕਰਨਾ, ਖਾਸ ਕਰਕੇ ਉਹਨਾਂ ਵਿੱਚ, ਜੋ ਅਜਿਹੇ ਲੋਕਾਂ ਲਈ ਘਰ ਹੈ, ਜੋ ਆਪਣੇ ਜਨਗਿਣਤੀ ਫਾਰਮ ਭਰਨ ਤੋਂ ਡਰਦੇ ਹੋਣ ਜਾਂ ਜਿਹਨਾਂ ਨੂੰ ਆਪਣੇ ਪਰਿਵਾਰ ਅਤੇ ਭਾਈਚਾਰੇ ਲਈ ਸਹੀ ਗਿਣਤੀ ਦੀ ਸਮਝ ਨਾ ਹੋਵੇ। ਤੁਸੀਂ ਇਹ ਯਕੀਨੀ ਬਣਾਉਣ ਲਈ ਕਿ ਲੋਕ ਜਵਾਬ ਦੇਣਾ ਯਾਦ ਰੱਖਣ ਅਤੇ ਇਹ ਸਮਝਣ ਕਿ ਜਵਾਬ ਕਿਵੇਂ ਦੇਣਾ ਹੈ, ਜਾਗਰੂਕਤਾ ਫੈਲਾਉਣ ਲਈ ਜਨਗਿਣਤੀ ਤੋਂ ਪਹਿਲਾਂ ਜਾਂ ਜਨਗਿਣਤੀ ਦੇ ਦੌਰਾਨ ਵੀ ਘਰ-ਘਰ ਜਾ ਕੇ ਜਾਂ ਫੋਨ-ਬੈਂਕ ਰਾਹੀਂ ਅਜਿਹਾ ਕਰ ਸਕਦੇ ਹੋ। ਪ੍ਰਚਾਰ ਸਿਰਫ ਵਿਦਿਅਕ ਉਦੇਸ਼ਾਂ ਲਈ ਹੋਣਾ ਚਾਹੀਦੀ ਹੈ। ਮਰਦਮਸ਼ੁਮਾਰੀ ਬਿਊਰੋ ਦੇ ਕਰਮਚਾਰੀਆਂ ਤੋਂ ਇਲਾਵਾ ਕਿਸੇ ਨੂੰ ਵੀ 2020 ਦੀ ਮਰਦਮਸ਼ੁਮਾਰੀ ਲਈ ਜਾਣਕਾਰੀ ਇਕੱਠੀ ਕਰਨ ਲਈ ਘਰ-ਘਰ ਨਹੀਂ ਜਾਣਾ ਚਾਹੀਦਾ। ਕਿਉਂਕਿ ਮਰਦਮਸ਼ੁਮਾਰੀ ਕਰਨ ਵਾਲੇ ਕਰਮਚਾਰੀ ਮਈ ਦੇ ਅੱਧ ਵਿੱਚ ਨਾ-ਜਵਾਬੀ ਦੀ ਫਾਲੋ-ਅਪ ਲਈ ਫੀਲਡ ਵਿੱਚ ਹੋਣਗੇ ਅਤੇ ਆਪਣਾ ਕੰਮ ਸ਼ੁਰੂ ਕਰ ਦੇਣਗੇ ਇਸ ਲਈ ਕਿਸੇ ਵੀ ਗ਼ਲਤ ਫਹਿਮੀ ਨੂੰ ਰੋਕਣ ਲਈ ਪ੍ਰਚਾਰ ਮਈ 2020 ਤੋਂ ਪਹਿਲਾ ਹੋ ਜਾਣਾ ਚਾਹੀਦਾ ਹੈ। ਤੁਸੀਂ ਆਪਣੇ ਖੇਤਰ ਦੇ ਨਕਸ਼ੇ 'ਤੇ "ਗਿਣਤੀ ਕਰਨ ਵਿੱਚ ਮੁਸ਼ਕਲ" ਵਾਲੇ ਖੇਤਰਾਂ ਨੂੰ ਦੇਖ ਕੇ ਅਜਿਹੇ ਖੇਤਰਾਂ ਦੀ ਪਛਾਣ ਕਰ ਸਕਦੇ ਹੋ, ਜਿੱਥੇ ਲੋਕਾਂ ਦੀ ਜਨਗਿਣਤੀ ਲਈ ਜਵਾਬ ਦੇਣ ਦੀ ਘੱਟ ਸੰਭਾਵਨਾ ਹੋਵੇ: www.censushardtocountmaps2020.us। ਅੰਦਾਜ਼ਨ ਪੰਜ ਏਸ਼ੀਆਈ ਅਮਰੀਕੀਆਂ ਵਿੱਚੋਂ ਇੱਕ ਅਤੇ ਤਿੰਨ ਮੂਲ ਹਵਾਈਅਨ ਅਤੇ ਪੈਸਿਫਿਕ ਆਈਲੈਂਡਰਸ ਵਿੱਚੋਂ ਇੱਕ ਗਿਣਤੀ ਕਰਨ ਵਿੱਚ ਮੁਸ਼ਕਲ ਵਾਲੇ ਖੇਤਰਾਂ ਰਹਿੰਦਾ ਹੈ।

*ਸਮਾਂ ਅਤੇ ਵਸੀਲਾ ਵਚਨਬੱਧਤਾਵਾਂ: ਦਰਮਿਆਨੀਆਂ ਤੋਂ ਵੱਡੀਆਂ। ਗਿਣਤੀ ਕਰਨ ਵਿੱਚ ਮੁਸ਼ਕਲ ਵਾਲੇ ਖੇਤਰਾਂ ਦੀ ਪਛਾਣ ਕਰਨ ਸਮਾਂ ਲੱਗੇਗਾ, ਕਾਰਵਾਈ ਯੋਜਨਾ ਤਿਆਰ ਕਰੋ ਅਤੇ ਪਹੁੰਚ ਕਰਨ ਵਾਲੇ ਲੋਕਾਂ ਨੂੰ ਦਵਾਓ ਜੇਕਰ ਤੁਹਾਡੇ ਕੋਲ ਅਜਿਹੇ ਸੇਵਾਦਾਰਾਂ ਦਾ ਸਮੂਹ ਹੈ, ਜੋ ਜਨਗਿਣਤੀ ਸਬੰਧੀ ਪਹੁੰਚ ਵਿੱਚ ਮਦਦ ਕਰਨਾ ਚਾਹੁੰਦੇ ਹਨ, ਤਾਂ ਇਹ ਇੱਕ ਸ਼ਾਨਦਾਰ ਪ੍ਰੋਜੈਕਟ ਹੋਵੇਗਾ।*

### ਭਾਈਚਾਰਕ ਕਾਰਜਕਰਮਾਂ ਵਿੱਚ ਜਾਓ

ਇੱਕ ਪ੍ਰਭਾਵੀ ਪਹੁੰਚ ਮੁਹਿੰਮ ਲਈ ਸਮੁੱਚੇ ਭਾਈਚਾਰੇ ਵਿੱਚ ਭਿੰਨ ਕਾਰਜਕਰਮਾਂ ਅਤੇ ਸਥਾਨਾਂ ਵਿਖੇ ਟੀਚਾ ਲੋਕ ਹੋਣੇ ਚਾਹੀਦੇ ਹਨ। ਛੁੱਟੀਆਂ, ਤਿਓਹਾਰਾਂ ਅਤੇ ਭਾਈਚਾਰਕ ਕਾਰਜਕਰਮਾਂ ਵਿੱਚ ਸ਼ਾਮਲ ਹੋਵੋ ਅਤੇ ਆਗਾਮੀ ਜਨਗਿਣਤੀ ਅਤੇ ਪੂਰੀ ਤਰ੍ਹਾਂ ਅਤੇ ਸਹੀ ਢੰਗ ਨਾਲ ਗਿਣਤੀ ਹੋਣ ਦੇ ਮਹੱਤਵ ਬਾਰੇ ਆਪਣੇ ਭਾਈਚਾਰੇ ਨਾਲ ਗੱਲ ਕਰੋ। ਅਨੁਵਾਦ ਸਮੱਗਰੀਆਂ ਨੂੰ ਭਾਈਚਾਰਕ ਸਦੱਸਾਂ ਨਾਲ ਸਾਂਝਾ ਕਰਨ ਲਈ ਨਾਲ ਲੈ ਕੇ ਆਓ।

*ਸਮਾਂ ਅਤੇ ਵਸੀਲਾ ਵਚਨਬੱਧਤਾਵਾਂ: ਛੋਟੀਆਂ ਤੋਂ ਦਰਮਿਆਨੀਆਂ। ਤੁਸੀਂ ਇੱਕ ਜਾਂ ਕਈ ਕਾਰਜਕਰਮਾਂ ਵਿੱਚ ਸ਼ਾਮਲ ਹੋ ਸਕਦੇ ਹੋ! ਹਰ ਯਤਨ ਗਿਣਤੀ ਕਰਵਾਉਣ ਵਿੱਚ ਮਦਦ ਕਰਦਾ ਹੈ।*

## ✓ ਆਪਣੇ ਖੁਦ ਦੇ ਪਹੁੰਚ ਕਾਰਜਕਰਮਾਂ ਦੀ ਯੋਜਨਾ ਬਣਾਓ

ਸਾਰੇ ਸਿਖਿਅਕ ਕਾਰਜਕਰਮਾਂ ਦਾ ਵੱਡੇ-ਪੈਮਾਨੇ 'ਤੇ ਨਿਰਮਾਣ ਹੋਣਾ ਜ਼ਰੂਰੀ ਨਹੀਂ। ਇਹ ਇੱਕ ਖਾਖੀ ਲਫਾਫੇ ਇਚ ਦੁਪਹਿਰ ਦੇ ਖਾਣੇ ਲਈ ਤੁਹਾਡੇ ਦਫ਼ਤਰ ਦੇ ਕੁਝ ਲੋਕਾਂ ਨੂੰ ਸੱਦਾ ਦੇਣ ਜਿੰਨਾ ਸਰਲ ਵੀ ਹੋ ਸਕਦਾ ਹੈ। ਤੁਸੀਂ ਵਸੀਲਿਆਂ ਨੂੰ ਵੰਡ ਕੇ ਜਾਂ ਫਾਰਮ ਭਰਨ ਵਿੱਚ ਲੋਕਾਂ ਦੀ ਮਦਦ ਕਰਕੇ, ਆਪਣੇ ਮੌਜੂਦਾ ਪ੍ਰੋਗਰਾਮਾਂ ਅਤੇ ਸੇਵਾਵਾਂ ਵਿੱਚ ਜਨਗਿਣਤੀ ਸਬੰਧੀ ਪਹੁੰਚ ਅਤੇ ਸਿੱਖਿਆ ਸ਼ਾਮਲ ਕਰ ਸਕਦੇ ਹੋ, ਜਿਵੇਂ ਕਲੀਨਿਕ, ਮੈਂਬਰਸ਼ਿਪ ਮੀਟਿੰਗਾਂ, ਜਾਣਕਾਰੀ ਸੈਸ਼ਨ, ਕਲਾਸਾਂ ਆਦਿ। ਜੇਕਰ ਤੁਹਾਡੇ ਕੋਲ ਹੋਰ ਸਮਾਂ, ਵਸੀਲੇ ਅਤੇ ਸਮਰੱਥਾ ਹੋਵੇ, ਤਾਂ ਤੁਸੀਂ ਵੱਧ ਵੱਡੇ ਕਾਰਜਕਰਮ ਦੁਆਰਾ ਊਰਜਾ ਅਤੇ ਉਤਸ਼ਾਹ ਦਾ ਨਿਰਮਾਣ ਕਰ ਸਕਦੇ ਹੋ ਅਤੇ ਇੱਕ ਬਲੌਕ ਪਾਰਟੀ, ਕੈਂਪਸ ਕਾਰਜਕਰਮ ਜਾਂ ਘਰ ਪਾਰਟੀ ਦਾ ਆਯੋਜਨ ਕਰ ਸਕਦੇ ਹੋ।'

*ਸਮਾਂ ਅਤੇ ਵਸੀਲਾ ਵਚਨਬੱਧਤਾਵਾਂ: ਛੋਟੀਆਂ ਤੋਂ ਵੱਡੀਆਂ। ਹਰ ਯਤਨ ਮਦਦ ਕਰਦਾ ਹੈ – ਤੁਸੀਂ ਕਾਰਜਕਰਮਾਂ ਦੇ ਅਜਿਹੇ ਆਕਾਰ, ਪ੍ਰਕਾਰ ਅਤੇ ਸੰਖਿਆ ਦੀ ਚੋਣ ਕਰ ਸਕਦੇ ਹੋ, ਜੋ ਤੁਹਾਡੇ ਲਈ ਅਤੇ ਤੁਹਾਡੇ ਭਾਈਚਾਰੇ ਲੀ ਸਹੀ ਹੋਵੇ।*

## *ਮਾਰਚ 2020 - ਜੁਲਾਈ 2020*
## *ਕਾਰਵਾਈ ਲਈ ਪ੍ਰੇਰਿਤ ਕਰੋ ਅਤੇ ਜਵਾਬ ਲਈ ਉਤਸ਼ਾਹਿਤ ਕਰੋ*

## ✓ ਅਜਿਹਾ ਸਥਾਨ ਤੈਅ ਕਰੋ, ਜਿੱਥੇ ਲੋਕ ਜਾਣਕਾਰੀ ਪ੍ਰਾਪਤ ਕਰ ਸਕਣ ਅਤੇ ਆਪਣੇ ਫਾਰਮ ਭਰ ਸਕਣ

ਤੁਸੀਂ ਜਨਗਿਣਤੀ ਸਬੰਧੀ ਉਹਨਾਂ ਦੇ ਸਵਾਲਾਂ ਅਤੇ ਉਹਨਾਂ ਦੇ ਜਨਗਿਣਤੀ ਫਾਰਮ ਜਮ੍ਹਾਂ ਕਰਨ ਵਿੱਚ ਭਾਈਚਾਰਕ ਸਦੱਸਾਂ ਦੀ ਮਦਦ ਲਈ ਸਹਾਇਤਾ ਕੇਂਦਰ ਸਥਾਪਤ ਕਰ ਸਕਦੇ ਹੋ। ਤੁਸੀਂ ਆਪਣੇ ਖੁਦ ਦੇ ਸੰਗਠਨ ਦੇ ਸਥਾਨ ਵਿਖੇ ਲੋਕਾਂ ਦੀ ਸਹਾਇਤਾ ਕਰ ਸਕਦੇ ਹੋ, ਜਾਂ ਤੁਸੀਂ ਭਰੋਸੇਮੰਦ ਸਾਂਝੇਦਾਰਾਂ ਨਾਲ ਮਿਲ ਕੇ ਕੰਮ ਕਰ ਸਕਦੇ ਹੋ, ਜਿਵੇਂ ਜਨਤਕ ਲਾਇਬ੍ਰੇਰੀਆਂ, ਸਕੂਲ, ਭਾਈਚਾਰਕ ਕੇਂਦਰ ਆਦਿ। ਤੁਹਾਡਾ ਸਹਾਇਤਾ ਕੇਂਦਰ ਜਨਗਿਣਤੀ ਬਾਰੇ ਜਾਗਰੂਕਤਾ ਪੈਦਾ ਕਰਨ, ਜਨਗਿਣਤੀ ਬਾਰੇ ਸਵਾਲਾਂ ਦੇ ਜਵਾਬ ਦੇਣ, ਭਾਸ਼ਾ ਸਹਾਇਤਾ ਮੁਹੱਈਆ ਕਰਨ, ਛਪੇ ਹੋਏ ਅਨੁਵਾਦ ਕੀਤੇ ਵਸੀਲੇ ਸਾਂਝਾ ਕਰਨ ਅਤੇ ਜਨਗਿਣਤੀ ਫਾਰਮ ਜਮ੍ਹਾਂ ਕਰਨ ਲਈ ਇੰਟਰਨੈਟ ਪਹੁੰਚ ਵਾਲੇ ਟੈਬਲੇਟ ਜਾਂ ਕੰਪਿਊਟਰ ਮੁਹੱਈਆ ਕਰਨ ਲਈ ਕਾਰਜਕਰਮਾਂ ਦਾ ਆਯੋਜਨ ਕਰ ਸਕਦੇ ਹੋ।

ਜਨਗਿਣਤੀ ਸਬੰਧੀ ਸਹਾਇਤਾ ਦੇਣ, ਤਾਲਮੇਲ ਬਿਠਾਉਣ ਅਤੇ ਇਸਦਾ ਪ੍ਰਚਾਰ ਕਰਨ ਲਈ ਆਪਣੇ ਰਾਜ, ਕਾਉਂਟੀ ਅਤੇ/ਜਾਂ ਸ਼ਹਿਰ ਦੀਆਂ **ਸੰਪੂਰਨ ਗਿਣਤੀ** ਕਮੇਟੀਆਂ ਨਾਲ ਮਿਲ ਕੇ ਕੰਮ ਕਰੋ। ਸੋਸ਼ਲ ਮੀਡੀਆ, ਸਥਾਨਕ ਸਮਾਜਿਕ ਅਤੇ ਸੱਭਿਆਚਾਰਕ ਸੰਗਠਨਾਂ, ਧਾਰਮਿਕ ਸਥਾਨਾਂ, ਭਾਈਚਾਰਾ-ਅਧਾਰਤ ਅਖਬਾਰਾਂ ਜਾਂ ਨਿਊਜ਼ਲੈਟਰਾਂ, ਰੋਜ਼ਗਾਰ ਸਥਾਨਾਂ, ਸੇਵਾ ਪ੍ਰਦਾਤਾ ਦਫ਼ਤਰਾਂ ਅਤੇ ਅਜਿਹੇ ਹੋਰ ਸਥਾਨਾਂ, ਜਿੱਥੇ ਲੋਕ ਇਕੱਤਰ ਹੁੰਦੇ ਹਨ, ਦੁਆਰਾ ਇਹਨਾਂ ਥਾਵਾਂ ਦੀ ਵਰਤੋਂ ਦਾ ਪ੍ਰਚਾਰ ਕਰੋ। ਪਿਛਲੇ ਸਾਲਾਂ ਵਿੱਚ, ਜਨਗਿਣਤੀ ਵਿਭਾਗ ਨੇ ਲੋਕਾਂ ਨੂੰ ਖੁਦ ਹੀ ਆਪਣੇ ਜਨਗਿਣਤੀ ਫਾਰਮ ਭਰਨ ਵਿੱਚ ਮਦਦ ਲਈ ਆਪਣੇ ਖੁਦ ਦੇ ਪ੍ਰਸ਼ਨਾਵਲੀ ਸਹਾਇਤਾ ਕੇਂਦਰ (Questionnaire Assistance Centers) ਸਥਾਪਤ ਕੀਤੇ ਸਨ, ਪਰੰਤੂ 2020 ਦੀ ਜਨਗਿਣਤੀ ਲਈ ਵਿਭਾਗ ਦੀਆਂ ਯੋਜਨਾਵਾਂ ਅਜੇ ਸਪਸ਼ਟ ਨਹੀਂ ਹਨ। ਇਸਦਾ ਮਤਲਬ ਹੈ ਕਿ ਭਾਈਚਾਰਾ-ਅਧਾਰਤ ਸੰਗਠਨਾਂ ਲਈ ਵਿਅਕਤੀਗਤ ਸਹਾਇਤਾ ਮੁਹੱਈਆ ਕਰਨਾ ਮਹੱਤਵਪੂਰਨ ਹੈ।

*ਸਮਾਂ ਅਤੇ ਵਸੀਲਾ ਵਚਨਬੱਧਤਾਵਾਂ: ਦਰਮਿਆਨੀਆਂ ਤੋਂ ਵੱਡੀਆਂ। ਪ੍ਰਸ਼ਨਾਵਲੀ ਸਹਾਇਤਾ ਦੀ ਉਪਲਬਧਤਾ ਦਾ ਪ੍ਰਚਾਰ ਕਰਨ, ਸਹਾਇਤਾ ਪ੍ਰਦਾਨ ਕਰ ਰਹੇ ਲੋਕਾਂ ਨੂੰ ਸਿਖਲਾਈ ਦੇਣ ਅਤੇ ਕਾਰਜਕਰਮ ਦਾ ਆਯੋਜਨ ਕਰਨ ਵਿੱਚ ਸਮਾਂ ਲੱਗੇਗਾ।*

## ਜਨਗਣਿਤੀ ਸਬੰਧੀ ਸਿੱਖਿਆ ਲਈ ਸੰਚਾਰ ਮੌਕਿਆਂ ਦਾ ਫ਼ਾਇਦਾ ਲਓ

2020 ਦੀ ਜਨਗਣਿਤੀ ਵਿੱਚ ਸਥਾਨਕ ਮੁੱਖ-ਧਾਰਾ ਦੇ ਅਤੇ ਖਾਸ ਸੱਭਿਆਚਾਰ ਵਾਲੇ ਮੀਡੀਆ ਨੂੰ ਸ਼ਾਮਲ ਕਰੋ ਅਤੇ ਆਪਣੇ ਸੰਗਠਨ ਦੀਆਂ ਅਖਬਾਰਾਂ , ਈਮੇਲ ਸੂਚੀਆਂ, ਸੁਨੇਹਾ ਬੋਰਡਾਂ ਅਤੇ ਤੁਸੀਂ ਆਪਣੇ ਸਦੱਸਾਂ ਅਤੇ ਗਾਹਕਾਂ ਨਾਲ ਸੰਚਾਰ ਕਰਨ ਲਈ ਹੋਰ ਜੋ ਕੁਝ ਵੀ ਵਰਤਦੇ ਹੋ, ਉਸਦੇ ਦੁਆਰਾ ਜਨਗਣਿਤੀ ਸਬੰਧੀ ਜਾਣਕਾਰੀ ਵੰਡੋ। ਇਹ ਜਾਣਕਾਰੀ ਸਾਂਝਾ ਕਰਨ ਲਈ ਕਿ ਜਨਗਣਿਤੀ ਅਸਾਨ, ਸੁਰੱਖਿਅਤ ਅਤੇ ਤੁਹਾਡੇ ਭਾਈਚਾਰੇ ਲਈ ਮਹੱਤਵਪੂਰਨ ਹੈ, ਫੇਸਬੁੱਕ (Facebook), ਟਵਿੱਟਰ (Twitter), ਇੰਸਟਾਗ੍ਰਾਮ (Instagram), ਸਨੈਪਚੈਟ (Snapchat), ਵੀਚੈਟ (WeChat), ਵਟਸਐਪ (Whatsapp) ਅਤੇ ਹੋਰ ਪਲੇਟਫਾਰਮਾਂ ਦੀ ਵਰਤੋਂ ਕਰੋ।

*ਸਮਾਂ ਅਤੇ ਵਸੀਲਾ ਵਚਨਬੱਧਤਾਵਾਂ: ਛੋਟੀਆਂ ਤੋਂ ਵੱਡੀਆਂ। ਸੋਸ਼ਲ ਮੀਡੀਆ 'ਤੇ ਕੁਝ ਪੋਸਟਾਂ ਪਾਉਣ ਤੋਂ ਲੈ ਕੇ ਇੱਕ ਪ੍ਰੈਸ ਕਾਨਫਰੰਸ ਆਯੋਜਿਤ ਕਰਨ ਤੱਕ – ਹਰ ਯਤਨ ਮਦਦ ਕਰਦਾ ਹੈ!*

*ਸ਼ੁਰੂਆਤ ਕਰਨ ਵਿੱਚ ਤੁਹਾਡੀ ਮਦਦ ਲਈ ਏਸ਼ੀਅਨ ਅਮੈਰਿਕਨਸ ਐਡਵਾਂਸਿੰਗ ਜਸਟਿਸਜ ਕਮਿਉਨਿਟੀ ਐਨਗੇਜਮੈਂਟ ਐਂਡ ਕਮਿਉਨਿਕੇਸ਼ਨਸ ਟੂਲਕਿੱਟ (Asian Americans Advancing Justice's Community Engagement and Communications Toolkit) ਡਾਊਨਲੋਡ ਕਰਨਾ ਯਕੀਨੀ ਬਣਾਓ!*

www.CountUsIn2020.org/resources